ਇਸ਼ਤਿਹਾਰ ਦਾ ਖਰੜਾ

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

# ਕਣਕ ਦੇ ਬੀਜ ਦੀ ਸਬਸਿਡੀ ਦੀ ਵੰਡ ਪਾਲਿਸੀ 2022-23

1) ਪੰਜਾਬ ਸਰਕਾਰ ਵੱਲੋਂ ਸਾਲ 2022-23 ਦੌਰਾਨ ਕਣਕ ਸਬਸਿਡੀ ਲਈ **ਪਨਸੀਡ ਨੂੰ ਰਾਜ ਦੀ ਬੀਜ ਨੋਡਲ ਏਜੰਸੀ ਘੋਸ਼ਿਤ ਕੀਤਾ ਗਿਆ ਹੈ।** ਹਾੜੀ 2022-23 ਦੌਰਾਨ ਕਿਸਾਨ ਵੀਰਾਂ ਨੂੰ ਕਣਕ ਦਾ ਤਸਦੀਕਸ਼ੁਦਾ (ਸਰਟੀਫਾਈਡ) ਬੀਜ ਖਰੀਦ ਸਮੇਂ ਹੀ ਸਬਸਿਡੀ ਦੀ ਰਕਮ ਘਟਾ ਕੇ ਦਿੱਤਾ ਜਾਵੇਗਾ ਅਤੇ ਸਬਸਿਡੀ ਦੀ ਰਕਮ ਪਨਸੀਡ ਰਾਹੀਂ ਸਬੰਧਤ ਏਜੰਸੀਆਂ/ ਅਦਾਰਿਆਂ ਦੇ ਖਾਤਿਆਂ ਵਿੱਚ ਭੇਜੀ ਜਾਵੇਗੀ। ਬੀਜ ਦੀ ਸਬਸਿਡੀ ਦੀ ਵੰਡ ਦੀ ਪ੍ਰਣਾਲੀ ਹੇਠ ਲਿਖੇ ਅਨੁਸਾਰ ਹੈ:-

2) ਕਿਸਾਨ ਕੇਵਲ ਪੰਜਾਬ ਰਾਜ ਬੀਜ ਪ੍ਰਮਾਨਣ ਸੰਸਥਾ ਵਲੋਂ ਰਜਿਸਟਰਡ ਕੀਤੇ ਸਰਕਾਰੀ/ ਅਰਧ ਸਰਕਾਰੀ ਸੰਸਥਾਵਾਂ/ ਸਹਿਕਾਰੀ ਅਦਾਰੇ ਆਦਿ ਜਿਵੇਂ ਕਿ ਪਨਸੀਡ, ਐਨ.ਐਸ.ਸੀ., ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਕਰਿਭਕੋ, ਪੰਜਾਬ ਐਗਰੋ, ਆਈ.ਐਫ.ਐਫ.ਡੀ.ਸੀ./ ਇਫਕੋ, ਐਚ.ਆਈ.ਐਲ., ਨੈਫੇਡ, ਐਨ.ਐਫ.ਐਲ. ਆਦਿ ਦੇ ਸੇਲ ਸੈਂਟਰਾਂ ਜਾਂ ਉਨਾਂ ਦੇ ਅਧਿਕਾਰਿਤ ਡੀਲਰਾਂ ਪਾਸੋਂ ਹੀ ਤਸਦੀਕਸ਼ੁਦਾ (ਕੇਵਲ ਸਰਟੀਫਾਈਡ) ਬੀਜ ਸਬਸਿਡੀ ਦੀ ਰਕਮ ਘਟਾ ਕੇ ਪ੍ਰਾਪਤ ਕਰਨਗੇ। ਵਿਕਰੀਕਰਤਾ ਏਜੰਸੀ ਵੱਲੋਂ ਬਿੱਲ ਉੱਪਰ ਲਾਟ ਨੰ: ਅਤੇ ਪਰਮਿਟ ਨੰ: ਲਾਜ਼ਮੀ ਲਿਖਿਆ ਜਾਵੇ। ਸਬਸਿਡੀ ਪ੍ਰਾਪਤ ਕਰਨ ਲਈ ਕਿਸਾਨਾਂ ਵੱਲੋਂ ਬਿੱਲ ਅਤੇ ਟੈਗਾਂ ਨੂੰ ਉਤਾਰ ਕੇ ਖੇਤੀਬਾੜੀ ਵਿਭਾਗ ਦੇ ਦਫਤਰਾਂ ਵਿੱਚ ਤੈਨਾਤ ਸਬੰਧਤ ਅਧਿਕਾਰੀਆਂ ਨੂੰ, ਸਰਕਾਰੀ ਸਭਾਵਾਂ ਵਿਖੇ ਤੈਨਾਤ ਸੈਕਟਰੀ/ ਸੇਲਜ਼ ਮੈਨਜ਼ ਨੂੰ, ਸਰਕਾਰੀ ਬੀਜ ਸੰਸਥਾਵਾਂ ਵੱਲੋਂ ਬੀਜ ਦੀ ਵਿਕਰੀ ਕਰਨ ਸਬੰਧੀ ਨਿਰਧਾਰਤ ਕੀਤੇ ਗਏ ਡੀਲਰਾਂ ਨੂੰ, ਸਰਕਾਰੀ ਬੀਜ ਸੰਸਥਾਵਾਂ ਦੇ ਆਪਣੇ ਸੇਲਜ਼ ਸੈਂਟਰਾਂ ਵਿਖੇ ਤੈਨਾਤ ਕਰਮਚਾਰੀਆਂ ਨੂੰ ਬੀਜ ਦੀ ਖਰੀਦ ਕਰਨ ਉਪਰੰਤ ਜਮ੍ਹਾਂ ਕਰਵਾਇਆ ਜਾਵੇਗਾ।

3) ਵੱਖ ਵੱਖ ਬੀਜ ਵਿਤਰਨ ਕਰਨ ਵਾਲੀਆਂ ਏਜੰਸੀਆਂ ਅਤੇ ਇਨ੍ਹਾਂ ਦੇ ਮੰਨਜੂਰਸ਼ੁਦਾ ਸੇਲ ਸੈਂਟਰਾਂ/ਡੀਲਰਾਂ ਦੀ ਸੂਚੀ ਖੇਤੀਬਾੜੀ ਵਿਭਾਗ ਦੇ ਦਫਤਰਾਂ ਵਿੱਚ ਉਪਲਬਧ ਹੋਵੇਗੀ।

4) ਕਿਸਾਨ ਕਣਕ ਦਾ ਬੀਜ ਪ੍ਰਾਪਤ ਕਰਨ ਲਈ ਨਿਰਧਾਰਿਤ ਪ੍ਰੋਫਾਰਮੇ ਵਿਚ ਬਿਨੈ ਪੱਤਰ ਜੋ ਕਿ ਇਸ ਇਸ਼ਤਿਹਾਰ ਤੇ ਹੇਠਾਂ ਦਿੱਤਾ ਗਿਆ ਹੈ ਅਤੇ ਵਿਭਾਗ ਦੀ ਵੈੱਬਸਾਈਟ www.agri.punjab.gov.in ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ, ਨੂੰ ਭਰ ਕੇ ਆਪਣੇ ਦਸਤਖਤ ਕਰਕੇ ਕਿਸਾਨ ਆਪਣੇ ਪਿੰਡ ਦੇ ਸਰਪੰਚ/ ਨੰਬਰਦਾਰ/ ਐਮ. ਸੀ ਤੋਂ ਤਸਦੀਕ ਕਰਵਾ ਕੇ ਖੇਤੀਬਾੜੀ ਵਿਭਾਗ ਦੇ ਬਲਾਕ ਦਫਤਰ ਵਿੱਚ ਤੈਨਾਤ ਅਧਿਕਾਰੀਆਂ/ਕਰਮਚਾਰੀਆਂ ਨੂੰ ਜਮ੍ਹਾਂ ਕਰਵਾਉਣਗੇ।

5) ਕਿਸਾਨ ਆਪਣੀਆਂ ਅਰਜ਼ੀਆਂ ਵਿਭਾਗ ਦੇ ਬਲਾਕ ਖੇਤੀਬਾੜੀ ਅਫਸਰ ਦੇ ਦਫਤਰ ਵਿਖੇ ਮਿਤੀ: 13-10-2022 ਤੋਂ 26-10-2022 ਤੱਕ ਜਮ੍ਹਾਂ ਕਰਵਾ ਸਕਦੇ ਹਨ। ਯੋਗ ਪਾਏ ਗਏ ਲਾਭਪਾਤਰੀਆਂ ਨੂੰ ਪਰਮਿਟ ਖੇਤੀਬਾੜੀ ਵਿਭਾਗ ਦੇ ਦਫਤਰ ਵੱਲੋਂ ਤੁਰੰਤ ਹੀ ਜਾਰੀ ਕੀਤੇ ਜਾਣਗੇ। ਨਿਰਧਾਰਿਤ ਮਿਤੀ ਲੰਘ ਜਾਣ ਤੇ ਪ੍ਰਾਪਤ ਅਰਜ਼ੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ।

6) ਕਣਕ ਦੇ ਬੀਜ ਦੀ ਸਬਸਿਡੀ ਦੀ ਵੰਡ ਪਹਿਲਾਂ ਢਾਈ ਏਕੜ ਰਕਬੇ ਵਾਲੇ ਕਿਸਾਨਾਂ/ ਕਾਸ਼ਤਕਾਰਾਂ ਨੂੰ, ਇਸ ਤੋਂ ਬਾਅਦ ਪੰਜ ਏਕੜ ਰਕਬੇ ਵਾਲੇ ਕਿਸਾਨਾਂ/ ਕਾਸ਼ਤਕਾਰਾਂ ਨੂੰ ਕੀਤੀ ਜਾਵੇਗੀ।

7) ਕਣਕ ਦੇ ਤਸਦੀਕਸ਼ੁਦਾ ਬੀਜ ਦੀ ਕੀਮਤ ਦਾ 50 ਪ੍ਰਤੀਸ਼ਤ ਜਾਂ ਵੱਧ ਤੋਂ ਵੱਧ ਇੱਕ ਹਜ਼ਾਰ ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਸਬਸਿਡੀ ਪਨਸੀਡ ਰਾਹੀਂ ਸਰਕਾਰੀ, ਅਰਧ ਸਰਕਾਰੀ ਸੰਸਥਾਵਾਂ, ਸਹਿਕਾਰੀ ਸਭਾਵਾਂ ਅਤੇ ਅਦਾਰਿਆਂ ਨੂੰ ਰੀਲੀਜ਼ ਕੀਤੀ ਜਾਵੇ ਅਤੇ ਵੱਧ ਤੋਂ ਵੱਧ ਇਕ ਕਿਸਾਨ ਨੂੰ ਦੋ ਹੈਕਟੇਅਰ (ਪੰਜ ਏਕੜ) ਲਈ ਸਬਸਿਡੀ ਦਿੱਤੀ ਜਾਵੇਗੀ।

8) ਕਣਕ ਦੇ ਤਸਦੀਕਸ਼ੁਦਾ ਬੀਜ ਦੀ ਸਬਸਿਡੀ ਕੇਵਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਭਾਰਤ ਸਰਕਾਰ ਵੱਲੋਂ ਪੰਜਾਬ ਲਈ ਨੋਟੀਫਾਈ ਕੀਤੀਆਂ ਨਵੀਆਂ ਕਿਸਮਾਂ ਐਚ. ਡੀ. 3086, ਉਨੱਤ ਪੀ. ਬੀ. ਡਬਲਯੂ. 343, ਉਨੱਤ ਪੀ. ਬੀ. ਡਬਲਿਯੂ 550, ਪੀ. ਬੀ. ਡਬਲਿਯੂ. 1 ਜ਼ਿੰਕ, ਪੀ. ਬੀ. ਡਬਲਿਯੂ. 725, ਪੀ. ਬੀ. ਡਬਲਯੂ. 677, ਡਬਲਿਯੂ. ਐਚ. 1105, ਪੀ. ਬੀ ਡਬਲਿਯੂ. 766, ਐਚ. ਡੀ. 3226, ਡੀ. ਬੀ. ਡਬਲਿਊ. 187, ਡੀ. ਬੀ. ਡਬਲਿਊ 222, ਡੀ. ਬੀ. ਡਬਲਿਊ 303 ਅਤੇ ਪਿਛੇਤੀ ਬਿਜਾਈ ਲਈ ਪੀ. ਬੀ ਡਬਲਿਯੂ. 752, ਪੀ. ਬੀ ਡਬਲਿਯੂ. 757, ਪੀ. ਬੀ ਡਬਲਿਯੂ. 771 ਅਤੇ ਬਰਾਨੀ ਹਾਲਤਾਂ ਲਈ ਪੀ. ਬੀ. ਡਬਲਿਯੂ. 660 ਤੇ ਹੀ ਦਿੱਤੀ ਜਾਵੇਗੀ। ਕੇਵਲ ਇਨ੍ਹਾਂ ਕਿਸਮਾਂ ਤੇ ਹੀ 1000/- ਰੁਪਏ ਪ੍ਰਤੀ ਕੁਇੰਟਲ ਸਬਸਿਡੀ ਦਿੱਤੀ ਜਾਵੇਗੀ।

9) ਕਿਸਾਨ ਪਰਮਿਟ ਦੇ ਆਧਾਰ ਤੇ ਬੀਜ ਖ਼੍ਰੀਦਣ ਸਮੇਂ ਹੀ ਤਸਦੀਕਸ਼ੁਦਾ ਬੀਜ ਦਾ ਬਿਲ ਅਤੇ ਟੈਗ ਸਬੰਧਤ ਖਰੀਦ ਏਜੰਸੀ ਪਾਸ ਜਮ੍ਹਾਂ ਕਰਵਾ ਦੇਣਗੇ। ਸਬੰਧਤ ਏਜੰਸੀ 10 ਦਿਨ ਦੇ ਅੰਦਰ-ਅੰਦਰ ਤਸਦੀਕਸ਼ੁਦਾ ਬੀਜ ਦੇ ਬਿਲ ਅਤੇ ਟੈਗ ਬਲਾਕ ਖੇਤੀਬਾੜੀ ਅਫਸਰ/ ਮੁੱਖ ਖੇਤੀਬਾੜੀ ਅਫਸਰ ਦੇ ਦਫਤਰ ਵਿੱਚ ਜਮਾਂ ਕਰਵਾਏਗੀ ਤਾਂ ਜੋ ਸਬਸਿਡੀ ਦੀ ਰਾਸ਼ੀ ਜਲਦ ਤੋਂ ਜਲਦ ਪ੍ਰਾਪਤ ਕੀਤੀ ਜਾ ਸਕੇ।

10) ਕਣਕ ਦੇ ਬੀਜ ਤੇ ਸਬਸਿਡੀ ਦੀ ਵੰਡ ਦੀ ਨਿਗਰਾਨੀ ਸਬੰਧਤ ਜਿਲੇ ਦੇ ਡਿਪਟੀ ਕਮਿਸ਼ਨਰ ਵਲੋਂ ਕੀਤੀ ਜਾਵੇਗੀ। ਪਾਲਿਸੀ ਦੀਆਂ ਡਿਟੇਲ ਗਾਈਡਲਾਈਨਜ਼ ਵਿਭਾਗ ਦੀ ਵੈੱਬਸਾਈਟ www.agri.punjab.gov.in ਤੇ ਵੀ ਉਪਲਬਧ ਹਨ।

**ਜਾਰੀ ਕਰਤਾ**

**ਡਾਇਰੈਕਟਰ ਖੇਤੀਬਾੜੀ ਅਤੇ ਕਿਸਾਨ ਭਲਾਈ, ਪੰਜਾਬ**

# ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

## ਕਣਕ ਦੇ ਤਸਦੀਕਸ਼ੁਦਾ ਬੀਜ ਤੇ ਸਬਸਿਡੀ ਪ੍ਰਾਪਤ ਕਰਨ ਲਈ ਪ੍ਰੋਫਾਰਮਾ ਸਾਲ 2022-23

1) ਨਾਮ ..............................................ਪੁੱਤਰ/ ਪੁੱਤਰੀ /ਪਤਨੀ/ ਸ਼੍ਰੀ ...............................................

2) ਪਿੰਡ ..................... ਡਾਕਖਾਨਾ.................... ਤਹਿਸੀਲ .....................ਜਿਲ੍ਹਾ..............................

3) ਟੈਲੀਫੋਨ ਨੰ: / ਮੋਬਾਇਲ ਫੋਨ ਨੰ:.............................

4) ਆਧਾਰ ਕਾਰਡ ਨੰ:..............................

5) ਰਕਬਾ ਏਕੜਾਂ ਵਿਚ ..............................

(ੳ) ਮਾਲਕੀ:........................ (ਅ) ਠੇਕੇ ਤੇ: ........................... ਕੁੱਲ: ..............................

6) ਕਿਸਾਨਾਂ ਦੀ ਸ੍ਰੇਣੀ (ਅਨੁਸੂਚਿਤ ਜਾਤੀ/ਹੋਰ ਪੱਛੜੀ ਜਾਤੀ /ਜਨਰਲ ਕੈਟਾਗਰੀ):...........................................

7) ਪਿਛਲੇ ਸਾਲ ਸਬਸਿਡੀ ਦੀ ਪ੍ਰਾਪਤ ਕੀਤੀ ਬੀਜ ਦੀ ਮਾਤਰਾ/ ਰਕਮ.........................................................

8) ਕਣਕ ਦੇ ਬੀਜ ਦੀ ਮੰਗ: ਕਿਸਮ:.................................. ਮਾਤਰਾ:................................................

**ਸਵੈ ਘੋਸ਼ਣਾ**

ਤਸਦੀਕ ਕੀਤਾ ਜਾਂਦਾ ਹੈ:

1) ਕਿ ਮੈਂ ਜੋ ਉਪਰੋਕਤ ਜਮੀਨ ਦੇ ਵੇਰਵੇ ਦਿੱਤੇ ਹਨ, ਉਹ ਸਹੀ ਹਨ।

2) ਕਿ ਮੈਂ ਰਿਆਇਤੀ ਦਰਾਂ ਤੇ ਪ੍ਰਾਪਤ ਕੀਤੇ ਬੀਜ ਨੂੰ ਖੁਦ ਹੀ ਵਰਤਾਂਗਾ ਅਤੇ ਕਿਸੇ ਨੂੰ ਅੱਗੇ ਨਹੀਂ ਦੇਵਾਂਗਾ/ ਵੇਚਾਂਗਾ।

3) ਕਿ ਮੈਂ ਸਬਸਿਡੀ ਵਾਲਾ ਬੀਜ ਦੀ ਖਰੀਦ ਸਰਕਾਰ ਵੱਲੋਂ ਨਿਰਧਾਰਤ ਕੀਤੀਆਂ ਏਜੰਸੀਆਂ ਤੋਂ ਕਰਾਂਗਾ।

4) ਕਿ ਮੈਂ ਬੀਜ ਦੀ ਖ੍ਰੀਦ ਸਮੇਂ ਅਸਲ ਬਿੱਲ ਅਤੇ ਕਣਕ ਦੇ ਬੀਜ ਵਾਲਾ ਸਰਟੀਫਿਕੇਸ਼ਨ ਟੈਗ ਸਬੰਧਤ ਏਜੰਸੀ ਕੋਲ ਹੀ ਜਮ੍ਹਾਂ ਕਰਵਾਗਾਂ।

5) ਕਿ ਜੇਕਰ ਮੇਰੇ ਵੱਲੋਂ ਦਿੱਤੇ ਦਸਤਾਵੇਜ ਗਲਤ/ ਝੂਠੇ ਪਾਏ ਜਾਂਦੇ ਹਨ ਤਾਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਮੇਰੇ ਵਿਰੁੱਧ ਕਾਨੂੰਨੀ ਕਾਰਵਾਈ ਕਰ ਸਕਦਾ ਹੈ।

**ਮਿਤੀ:** **ਬਿਨੈਕਾਰ ਦੇ ਹਸਤਾਖਰ**

ਤਸਦੀਕ ਕਰਨ ਵਾਲੇ ਸਰਪੰਚ/ਲੰਬੜਦਾਰ/ਐੱਮ. ਸੀ. ਦੇ ਦਸਤਖਤ
ਪੂਰਾ ਨਾਂ, ਪਤਾ ਅਤੇ ਮਿਤੀ

---

**ਕੇਵਲ ਦਫਤਰੀ ਵਰਤੋਂ ਲਈ**

1. ਕਣਕ ਦੇ ਕੁੱਲ.................................(ਮਾਤਰਾ) ਬੀਜ ਦੀ ਸਿਫਾਰਸ਼ ਕੀਤੀ ਜਾਂਦੀ ਹੈ।

**ਖੇਤੀਬਾੜੀ ਵਿਸਥਾਰ ਅਫਸਰ ਜਾਂ ਖੇਤੀਬਾੜੀ ਵਿਕਾਸ ਅਫਸਰ ਦੇ ਹਸਤਾਖਰ**

2. ਕਣਕ ਦਾ ਬੀਜ..............................(ਮਾਤਰਾ) ਪ੍ਰਵਾਨ ਕੀਤਾ ਜਾਂਦਾ ਹੈ।

**ਬਲਾਕ ਖੇਤੀਬਾੜੀ ਅਫਸਰ ਦੇ ਹਸਤਾਖਰ ਅਤੇ ਮੋਹਰ**